**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ ਸਸਅ/ਈਜੀਐਸ/22371-22390
ਮਿਤੀ ਚੰਡੀਗੜ੍ਹ 27 ਜਨਵਰੀ, 2010

ਵਿਸ਼ਾ 23.12.2009 ਤੋਂ 31.12.2009 ਤੱਕ ਹੋਏ ਘਰੋਂ ਘਰੀਂ ਸਰਵੇਖਣ ਵਿੱਚ ਲੱਭੇ ਗਏ ਸਕੂਲੋਂ ਵਿਰਵੇ ਬੱਚਿਆਂ ਨੂੰ ਨਾਲ ਲੱਗਦੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਆਪ ਜੀ ਨਾਲ ਮਹੀਨਾਵਾਰ ਮੀਟਿੰਗ ਦੌਰਾਨ ਹੋਈ ਗੱਲ-ਬਾਤ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੀ ਸਾਲ 2010-11 ਦੇ ਪਲਾਨ ਦੀ ਤਿਆਰੀ ਲਈ ਪਿਛਲੇ ਦਿਨੀਂ ਪ੍ਰਥਮ ਐਨ.ਜੀ.ਓ. ਦੇ ਵਲੰਟੀਅਰਾਂ ਰਾਹੀਂ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਕੂਲੋਂ ਵਿਰਵੇ ਬੱਚਿਆ ਦਾ ਸਰਵੇਖਣ ਕਰਵਾਇਆ ਗਿਆ ਸੀ । ਇਸ ਦੀ ਰਿਪੋਰਟ ਪ੍ਰਾਪਤ ਹੋ ਚੁੱਕੀ ਹੈ । ਵੱਖ-ਵੱਖ ਜ਼ਿਲ੍ਹਿਆਂ ਵਿੱਚ ਲੱਭੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਵੇਰਵਾ ਇਸ ਪੱਤਰ ਦੇ ਨਾਲ ਨੱਥੀ ਅਨੁਲੱਗ ਵਿੱਚ ਦਿੱਤਾ ਜਾਂਦਾ ਹੈ ।

3.0 ਇਸ ਸਾਰੀ ਜਾਣਕਾਰੀ ਨੂੰ ਦਫਤਰ ਵਿੱਚ ਬੜੀ ਡੂੰਘਾਈ ਵਿੱਚ ਘੋਖਿਆ ਗਿਆ ਹੈ ਅਤੇ ਆਪ ਜੀ ਦੇ ਨਾਲ ਵੀ ਮਹੀਨਾਵਾਰ ਮੀਟਿੰਗ ਵਿੱਚ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਇਸ ਸਰਵੇਖਣ ਅਨੁਸਾਰ ਇਸ ਸਮੇਂ ਪੰਜਾਬ ਵਿੱਚ 6-8 ਸਾਲ ਦੀ ਊਮਰ ਦੇ 25,053 ਬੱਚੇ, 8-11 ਸਾਲ ਦੀ ਊਮਰ ਦੇ 18,076 ਬੱਚੇ ਅਤੇ 11-14 ਊਮਰ ਦੇ 22,293 ਬੱਚੇ ਹਨ । ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਕੂਲੋਂ ਵਿਰਵੇ ਬੱਚਿਆ ਵਿੱਚ ਬਹੁਤ ਬੱਚੇ ਮਾਈਗਰੇਟਰੀ ਹਨ । ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਸਰਵੇ ਕਰਨ ਤੋਂ ਲੰਬੇ ਅਰਸ਼ੇ ਬਾਅਦ ਜੇਕਰ ਇਨ੍ਹਾਂ ਬੱਚਿਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਬੱਚੇ ਉਦੋਂ ਤੀਕ ਹੋਰ ਥਾਵਾਂ ਤੇ ਸ਼ਿਫਟ ਹੋ ਜਾਂਦੇ ਹਨ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਰਿਪੋਰਟ ਦਿੱਤੀ ਜਾਂਦੀ ਹੈ ਕਿ ਇਹ ਬੱਚੇ ਇਸ ਵੇਲੇ ਮੌਜੂਦ ਨਹੀਂ ਹਨ ।

4.0 ਸਾਲ 2010-11 ਦਾ ਪਲਾਨ ਬਣਾਉਣ ਵਿੱਚ ਅਜਿਹੇ ਕੁੱਝ ਹੋਰ ਸਮਾਂ ਲੱਗ ਸਕਦਾ ਹੈ ਪਰੰਤੂ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸਰਵੇਖਣ ਕੀਤੇ ਸਕੂਲੋਂ ਵਿਰਵੇ ਬੱਚਿਆਂ ਨੂੰ ਤੁਰੰਤ ਸਕੂਲਾਂ ਵਿੱਚ ਦਾਖਲ ਕਰਵਾ ਦਿੱਤਾ ਜਾਵੇ ਭਾਵੇਂ

ਕਿ ਉਨ੍ਹਾਂ ਦੀਆ ਕਲਾਸਾਂ 01 ਅਪ੍ਰੈਲ, 2010 ਤੋਂ ਹੀ ਸ਼ੁਰੂ ਕੀਤੀਆ ਜਾਣ । ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ 6-8 ਸਾਲ ਦੀ ਉਮਰ ਦੇ ਬੱਚਿਆਂ ਨੂੰ ਸਿੱਧਾ ਹੀ ਸਕੂਲ ਵਿੱਚ ਦਾਖਲ ਕੀਤਾ ਜਾਵੇ ਅਤੇ ਉਨ੍ਹਾਂ ਦੇ ਮਾਂ ਪਿਓ ਨਾਲ ਸਕੂਲ ਅਧਿਆਪਕਾਂ ਵੱਲੋਂ ਹੁਣ ਹੀ ਰਾਬਤਾ ਕਾਇਮ ਕੀਤਾ ਜਾਵੇ । ਇਹ ਵੀ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਰਾਜ ਵਿੱਚ ਬਹੁਤ ਸਾਰੇ ਪ੍ਰਾਈਵੇਟ ਸਕੂਲ ਹਨ ਜੋ ਕਿ ਆਪਣੇ ਦਾਖਲੇ ਬਾਰੇ ਕਾਰਵਾਈ ਜਨਵਰੀ ਮਹੀਨੇ ਤੋਂ ਹੀ ਸ਼ੁਰੂ ਕਰ ਦਿੰਦੇ ਹਨ ਜਦੋਂ ਕਿ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਇਹ ਕਾਰਵਾਈ ਅਪ੍ਰੈਲ ਜਾਂ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਕਰਦੇ ਹਨ ਜਦੋਂ ਕਿ ਹੋਰ ਸਕੂਲਾਂ ਦੇ ਦਾਖਲੇ ਹੋ ਚੁੱਕੇ ਹੁੰਦੇ ਹਨ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ 6-8 ਸਾਲ ਦੇ ਬੱਚਿਆਂ ਨੂੰ ਤੁਰੰਤ ਦਾਖਲ ਕਰ ਲਿਆ ਜਾਵੇ । ਜਿੱਥੇ ਤੀਕ 8-11 ਅਤੇ 11-14 ਸਾਲ ਦੇ ਸਕੂਲੋਂ ਵਿਰਵੇ ਬੱਚਿਆਂ ਦਾ ਸਬੰਧ ਹੈ, ਇਸ ਬਾਰੇ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਪਹਿਲਾਂ ਬਣੇ ਏ.ਆਈ.ਈ. ਸੈਂਟਰ ਸਕੂਲਾਂ ਦੇ ਰਾਹੀਂ ਇਨ੍ਹਾਂ ਵਿਦਿਆਰਥੀਆਂ ਨੂੰ ਬ੍ਰਿਜ ਕੋਰਸ ਕਰਵਾਇਆ ਜਾਵੇਗਾ, ਪਰੰਤੂ ਇਹ ਏ.ਆਈ.ਈ. ਸੈਂਟਰ ਸਿਰਫ ਲੋੜਬੰਦ ਥਾਵਾਂ ਅਤੇ ਸਕੂਲਾਂ ਦੇ ਅੰਦਰ ਹੀ ਚਲਾਏ ਜਾਣਗੇ ਜਿਸ ਦੀ ਸਾਰੀ ਜਿੰਮੇਵਾਰੀ ਸਕੂਲ ਇਨਚਾਰਜ ਦੀ ਹੋਵੇਗੀ । ਬ੍ਰਿਜ ਕੋਰਸ ਕਰਨ ਉਪਰੰਤ ਇਨ੍ਹਾਂ ਬੱਚਿਆਂ ਨੂੰ ਉਸੇ ਸਕੂਲ ਦੀ ਸਬੰਧਤ ਕਲਾਸ ਵਿੱਚ ਦਾਖਲ ਵੀ ਕਰ ਦਿੱਤਾ ਜਾਵੇਗਾ । ਇਸ ਸਬੰਧ ਵਿੱਚ ਵਿਸਥਾਰਪੂਰਵਕ ਹਦਾਇਤਾਂ ਭਾਰਤ ਸਰਕਾਰ ਵੱਲੋਂ ਸਾਲ 2010-11 ਦੇ ਪਲਾਨ ਦੀ ਪ੍ਰਵਾਨਗੀ ਤੋਂ ਬਾਅਦ ਹੀ ਜਾਰੀ ਕੀਤੀਆ ਜਾਣਗੀਆ ।

5.0 ਇੱਥੇ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਨਿਰਧਾਰਤ ਕੀਤੀ ਗਈ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਹਿਤ ਸਾਰੇ ਸਰਕਾਰੀ ਸਕੂਲਾਂ ਦੇ ਵਿੱਚ 10.4.2010 ਤੀਕ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਫਿਰ ਮਸੌਦਾ ਤਿਆਰ ਕੀਤਾ ਜਾਵੇ ਅਤੇ ਅਧਿਆਪਕਾਂ ਦੀ ਗਿਣਤੀ ਇਸੀ ਅਨੁਸਾਰ ਹੋਵੇਗੀ । ਇਹ ਗੱਲ ਸਾਫ ਹੈ ਕਿ ਜੇਕਰ ਕਿਸੇ ਸਕੂਲ ਵਿੱਚ ਅਧਿਆਪਕਾਂ ਦੀ ਗਿਣਤੀ ਸਰਕਾਰੀ ਨਾਰਮ ਅਨੁਸਾਰ ਨਾ ਹੋਈ ਤਾਂ ਅਧਿਆਪਕਾਂ ਦੀ ਬਦਲੀ ਵੀ ਲੋੜ-ਬੰਦ ਸਕੂਲਾਂ ਵਿੱਚ ਕੀਤੀ ਜਾਵੇਗੀ ਜੀ ।

-ਸਹੀ-

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / ਉਪਰੋਕਤ ਅਨੁਸਾਰ

**Sub: -** **District wise details of Out of School Children of the age group of 6-14 years found during House Hold Survey 2010-11.**

| Sr. No. | District | 6-8 yrs | | | 8-11 yrs | | | 11-14yrs | | | 6-14 yrs | | |
|---|---|---|---|---|---|---|---|---|---|---|---|---|---|
| | | **Boys** | **Girls** | **Total** | **Boys** | **Girls** | **Total** | **Boys** | **Girls** | **Total** | **Boys** | **Girls** | **Total** |
| 1 | Amritsar | 1354 | 1216 | 2570 | 808 | 787 | 1595 | 1277 | 1202 | 2479 | 3439 | 3205 | **6644** |
| 2 | Barnala | 255 | 220 | 475 | 151 | 129 | 280 | 203 | 164 | 367 | 609 | 513 | **1122** |
| 3 | Bathinda | 744 | 652 | 1396 | 703 | 494 | 1197 | 890 | 755 | 1645 | 2337 | 1901 | **4238** |
| 4 | Faridkot | 462 | 416 | 878 | 381 | 312 | 693 | 390 | 378 | 768 | 1233 | 1106 | **2339** |
| 5 | Fatehgarh Sahib | 346 | 352 | 698 | 199 | 154 | 353 | 192 | 200 | 392 | 737 | 706 | **1443** |
| 6 | Ferozepur | 1089 | 990 | 2079 | 999 | 890 | 1889 | 1097 | 1101 | 2198 | 3185 | 2981 | **6166** |
| 7 | Gurdaspur | 892 | 948 | 1840 | 762 | 654 | 1416 | 1453 | 1551 | 3004 | 3107 | 3153 | **6260** |
| 8 | Hoshiarpur | 784 | 761 | 1545 | 657 | 613 | 1270 | 481 | 428 | 909 | 1922 | 1802 | **3724** |
| 9 | Jalandhar | 802 | 688 | 1490 | 501 | 478 | 979 | 580 | 408 | 988 | 1883 | 1574 | **3457** |
| 10 | Kapurthala | 302 | 238 | 540 | 180 | 139 | 319 | 165 | 171 | 336 | 647 | 548 | **1195** |
| 11 | Ludhiana | 2339 | 2155 | 4494 | 1187 | 1202 | 2389 | 682 | 626 | 1308 | 4208 | 3983 | **8191** |
| 12 | Mansa | 478 | 459 | 937 | 335 | 248 | 583 | 369 | 306 | 675 | 1182 | 1013 | **2195** |
| 13 | Moga | 287 | 252 | 539 | 340 | 237 | 577 | 658 | 438 | 1096 | 1285 | 927 | **2212** |
| 14 | Mohali | 495 | 502 | 997 | 311 | 304 | 615 | 233 | 226 | 459 | 1039 | 1032 | **2071** |
| 15 | Muktsar | 588 | 568 | 1156 | 608 | 508 | 1116 | 621 | 554 | 1175 | 1817 | 1630 | **3447** |
| 16 | Nawanshahar | 124 | 136 | 260 | 96 | 73 | 169 | 101 | 91 | 192 | 321 | 300 | **621** |
| 17 | Patiala | 583 | 527 | 1110 | 446 | 385 | 831 | 618 | 545 | 1163 | 1647 | 1457 | **3104** |
| 18 | Rupnagar | 154 | 175 | 329 | 139 | 161 | 300 | 175 | 172 | 347 | 468 | 508 | **976** |
| 19 | Sangrur | 579 | 486 | 1065 | 562 | 418 | 980 | 918 | 819 | 1737 | 2059 | 1723 | **3782** |
| 20 | Tarn Taran | 352 | 303 | 655 | 290 | 235 | 525 | 504 | 551 | 1055 | 1146 | 1089 | **2235** |
| **Total of Punjab** | | 13009 | 12044 | 25053 | 9655 | 8421 | 18076 | 11607 | 10686 | 22293 | 34271 | 31151 | **65422** |